**ਪ੍ਰੈਸ ਨੋਟ** **ਮਿਤੀ-09.07.2022**

ਡਾ: ਸੰਦੀਪ ਕੁਮਾਰ ਗਰਗ, ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ, ਰੂਪਨਗਰ ਵਲੋ ਪ੍ਰੈਸ ਨੋਟ ਰਾਹੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਜੀ ਦੀਆਂ ਹਦਾਇਤਾਂ ਅਨੁਸਾਰ ਅੱਜ ਮਿਤੀ 09.07.2022 ਨੂੰ ਜਿਲ੍ਹਾਂ ਰੂਪਨਗਰ ਵਿਖੇ ਕਾਰਡਨ ਅਤੇ ਸਰਚ ਓਪਰੇਸ਼ਨ ਚਲਾਇਆ ਗਿਆ। ਜੋ ਜੋ ਇਹ ਕਾਰਡਨ ਅਤੇ ਸਰਚ ਓਪਰੇਸ਼ਨ ਦੀ ਅਗਵਾਈ ਸ਼੍ਰੀ ਗੁਰਪ੍ਰੀਤ ਸਿੰਘ ਭੁੱਲਰ, ਆਈ.ਪੀ.ਐਸ., ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਰੂਪਨਗਰ ਰੇਂਜ, ਰੂਪਨਗਰ ਅਤੇ ਐਸ.ਐਸ.ਪੀ. ਰੂਪਨਗਰ ਵਲੋ ਕੀਤੀ ਗਈ।

ਜੋ ਇਸ ਕਾਰਡਨ ਅਤੇ ਸਰਚ ਓਪਰੇਸ਼ਨ ਤਹਿਤ ਜਿਲ੍ਹਾ ਰੂਪਨਗਰ ਦੇ ਵੱਖ-ਵੱਖ ਏਰਿਆ ਵਿੱਚ ਸਰਚ ਅਭੀਆਨ ਚਲਾਇਆ ਗਿਆ। ਇਸ ਸਰਚ ਆਪਰੇਸ਼ਨ ਵਿੱਚ ਰੂਪਨਗਰ ਪੁਲਿਸ ਦੇ ਐਸ.ਪੀ. ਰੈਂਕ ਦੇ 2, ਡੀ.ਐਸ.ਪੀ. - 4, ਇਸਪੈਕਟਰ -9 ਅਤੇ 27 ਮਹਿਲਾ ਪੁਲਿਸ ਕਰਮਚਾਰੀ ਤੋ ਇਲਾਵਾ 153 ਪੁਲਿਸ ਕਰਮਚਾਰੀਆਂ ਨੂੰ ਸ਼ਾਮਲ ਕਰਕੇ ਏਰੀਆ ਦੀ ਸਰਚ ਕੀਤੀ ਗਈ। ਜੋ ਇਸ ਸਰਚ ਦੋਰਾਨ ਦੋ ਵਿਅਕਤੀਆਂ ਤੋ 500/500 ਗ੍ਰਾਮ ਗਾਂਜਾ ਬ੍ਰਾਮਦ ਕੀਤਾ ਗਿਆ, ਜਿਨ੍ਹਾ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਇਸ ਸਰਚ ਓਪਰੇਸ਼ਨ ਦੋਰਾਨ ਪਬਲਿਕ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਗਿਆ, ਜਿਨ੍ਹਾਂ ਨੇ ਮਹਿਕਮਾ ਪੁਲਿਸ ਵਲੋ ਚਲਾਏ ਜਾ ਰਹੇ ਇਸ ਸਰਚ ਓਪਰੇਸ਼ਨ ਦੀ ਸ਼ਲਾਘਾ ਕੀਤੀ ਅਤੇ ਵਿਚਾਰ ਦਿੱਤੇ ਕਿ ਪਬਲਿਕ ਦੀ ਸੁਰੱਖਿਆਂ ਅਤੇ ਨਸ਼ੇ ਦੀ ਰੋਕਥਾਮ ਦੇ ਮੱਦੇਨਜ਼ਰ ਅਜਿਹੇ ਸਰਚ ਓਪਰੇਸ਼ਨ ਭਵਿੱਖ ਵਿੱਚ ਵੀ ਕੀਤੇ ਜਾਣ। ਜੋ ਅਜਿਹੇ ਸਰਚ ਓਪਰੇਸ਼ਨ ਭਵਿੱਖ ਵਿੱਚ ਵੀ ਜਾਰੀ ਰਹਿਣਗੇ।